JETIR.ORG ISSN: 2349-5162 | ESTD Year : 2014 | Monthly Issue
JOURNAL OF EMERGING TECHNOLOGIES AND INNOVATIVE RESEARCH (JETIR)
An International Scholarly Open Access, Peer-reviewed, Refereed Journal

# ਭਾਈ ਵੀਰ ਸਿੰਘ ਦਾ ਨਾਵਲ ਜਗਤ : ਪ੍ਰਮੁੱਖ ਸਰੋਕਾਰ

**ਡਾ.ਸਵਰਨਜੀਤ ਕੌਰ**
**ਅਸਿਸਟੈਂਟ ਪ੍ਰੋਫੈਸਰ**
**ਖਾਲਸਾ ਕਾਲਜ ਪਟਿਆਲਾ।**

ਭਾਈ ਵੀਰ ਸਿੰਘ ਨੂੰ ਆਧੁਨਿਕ ਸਾਹਿਤ ਦਾ ਪਿਤਾਮਾ ਮੰਨਿਆ ਜਾਂਦਾ ਹੈ।ਪੰਜਾਬੀ ਸਾਹਿਤ ਉੱਤੇ ਝਾਤੀ ਮਾਰਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਸਾਹਿਤ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਪੰਜਾਬੀ ਸਾਹਿਤ ਦੀ ਕੋਈ ਵੀ ਅਜਿਹੀ ਵਿਧਾ ਨਹੀਂ ਜਿਸ ਤੇ ਉਨ੍ਹਾਂ ਨੇ ਕਲਮ ਅਜ਼ਮਾਈ ਨਾ ਕੀਤੀ ਹੋਵੇ।ਕੋਈ ਵੀ ਸਾਹਿਤਕਾਰ ਆਪਣੀ ਪਰੰਪਰਾ ਅਤੇ ਆਪਣੇਂ ਸਮਕਾਲੀ ਸਰੋਕਾਰਾਂ ਤੋਂ ਅਭਿੱਜ ਨਹੀਂ ਰਹਿ ਸਕਦਾ।ਆਧੁਨਿਕ ਪੰਜਾਬੀ ਸਾਹਿਤ ਬਾਰੇ ਕਿਹਾ ਜਾਂਦਾ ਹੈ ਕਿ ਇਸ ਦਾ ਜਨਮ ਪੱਛਮੀ ਪ੍ਰਭਾਵ ਅਧੀਨ ਹੋਇਆ।ਪੱਛਮੀ ਵਿੱਦਿਆ,ਸਭਿਅਤਾ ਅਤੇ ਪੱਛਮੀ ਪ੍ਰਭੂਸੱਤਾ ਕਾਰਨ ਇਹ ਪ੍ਰਭਾਵ ਬਣਿਆ।ਨਿਸਚੇ ਹੀ ਇਹ ਸਾਰੇ ਬਾਹਰਮੁਖੀ ਕਾਰਨ ਸਨ ਜਿਨ੍ਹਾਂ ਨੇ ਲੰਮੇ ਸਮੇਂ ਮਗਰੋਂ ਸਾਹਿਤ ਦੀ ਖੜੋਤ ਵਿੱਚ ਉੱਥਲ-ਪੁੱਥਲ ਪੈਦਾ ਕੀਤੀ ਅਤੇ ਇਕ ਅਸਲੋਂ ਨਿਵੇਕਲੀ ਅਤੇ ਵਿਲੱਖਣ ਭਾਂਤ ਦੀ ਸਥਿਤੀ ਨੂੰ ਜਨਮ ਦਿੱਤਾ। ਦੂਜੀ ਧਾਰਨਾ ਜੋ ਪ੍ਰਗਤੀਵਾਦੀ ਚਿੰਤਕਾਂ ਵੱਲੋਂ ਪੈਦਾ ਕੀਤੀ ਗਈ ਇਸ ਧਾਰਨਾ ਅਨੁਸਾਰ ਭਾਈ ਵੀਰ ਸਿੰਘ ਕਿਉਂਕਿ ਸਿੰਘ ਸਭਾ ਲਹਿਰ ਦੀ ਉਪਜ ਸੀ।ਇਸ ਕਰਕੇ ਉਹ ਇਕ ਪਾਸੇ ਈਸਾਈ ਮਿਸ਼ਨਰੀਆਂ,ਬਰਤਾਨਵੀ ਰਾਜ ਸੱਤਾ ਤੇ ਪੱਛਮੀ ਈਸਾਈ ਧਰਮ, ਸਾਹਿਤ, ਵਿਦਿਆ ਅਤੇ ਸਭਿਆਚਾਰ ਦੇ ਪ੍ਰਭਾਵ ਵਿਰੁੱਧ ਸਿੱਖ ਧਰਮ, ਸਾਹਿਤ ਅਤੇ ਪੰਜਾਬੀ ਸਭਿਆਚਾਰ ਨੂੰ ਹਾਰੀ ਹੋਈ ਸਥਿਤੀ ਵਿੱਚ ਢਾਲ ਬਣਾ ਕੇ ਪੁਨਰ ਸੁਰਜੀਤ ਕਰਨ ਦੇ ਯਤਨ ਵਿਚ ਸੀ।ਦੂਜੇ ਪਾਸੇ ਹਿੰਦੂ-ਮੁਸਲਿਮ ਧਾਰਮਿਕ ਸੁਧਾਰਵਾਦੀ ਲਹਿਰਾਂ ਦਾ ਵਿਰੋਧ ਝੱਲ ਰਿਹਾ ਸੀ।ਡਾ.ਮਹਿਲ ਸਿੰਘ ਅਨੁਸਾਰ:

ਭਾਈ ਵੀਰ ਸਿੰਘ ਦਾ ਸਮਾਂ ਆਧੁਨਿਕ ਪੁਨਰ ਜਾਗ੍ਰਿਤੀ ਦੀਆਂ ਲਹਿਰਾਂ ਦਾ ਸਮਾਂ ਸੀ।ਅੰਗਰੇਜ਼ ਆਪਣੇ ਰਾਜਨੀਤਿਕ ਗਲਬੇ ਦੇ ਨਾਲ-ਨਾਲ ਭਾਰਤੀਆਂ ਉੱਤੇ ਆਪਣਾ ਸਭਿਆਚਾਰਕ ਗਲਬਾ ਪਾਉਣ ਦੇ ਆਹਰ ਵਿਚ ਸਨ । ਪੱਛਮੀ ਸੰਸਕ੍ਰਿਤੀ ਦੇ ਪ੍ਰਚਾਰ ਲਈ ਈਸਾਈ ਮਿਸ਼ਨਰੀਆਂ ਨੇ ਅਨੇਕਾਂ ਸਾਧਨ ਈਜਾਦ ਕੀਤੇ। ਈਸਾਈ ਮਿਸ਼ਨਰੀਆਂ ਨੇ ਯੋਜਨਾਬੱਧ ਢੰਗ ਨਾਲ ਈਸਾਈਅਤ ਦਾ ਪ੍ਰਚਾਰ ਕਰਨ ਲਈ ਬਾਈਬਲ ਅਤੇ ਟ੍ਰੈਕਟ ਸੁਸਾਇਟੀ (1863) ਤੇ ਪੰਜਾਬ ਰਿਲੀਜੀਅਸ ਬੁਕ ਸੁਸਾਇਟੀ ਕਾਇਮ ਕੀਤੀਆਂ। ਈਸਾਈ ਮਿਸ਼ਨਰੀਆਂ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਤੋਂ ਖਾਰ ਖਾ ਕੇ ਸਿੱਖ ਹਲਕਿਆਂ ਵਿਚ ਵੀ ਆਪਣੇ ਧਰਮ ਤੇ ਸਭਿਆਚਾਰ ਦੇ ਪ੍ਰਚਾਰ ਦੀ ਭਾਵਨਾ ਪੈਦਾ ਹੋਈ।[1]

ਈਸਾਈ ਮਿਸ਼ਨਰੀਆਂ ਦੁਆਰਾ ਈਸਾਈਅਤ ਦੇ ਪ੍ਰਚਾਰ ਦੇ ਵਿਰੋਧ ਵੱਜੋਂ ਪੈਦਾ ਹੋਈਆਂ ਭਾਰਤੀ ਧਾਰਮਿਕ ਸੁਧਾਰਵਾਦ ਦੀਆਂ ਲਹਿਰਾਂ ਵਿਚੋਂ ਸਿੱਖਾਂ ਵਿੱਚ ਪੈਦਾ ਹੋਈ ਸਿੰਘ ਸਭਾ ਲਹਿਰ ਨੇ ਪੰਜਾਬੀ ਨਾਵਲ ਦੇ ਜਨਮ ਵਿਚ ਪ੍ਰਮੁੱਖ ਭੂਮਿਕਾ ਨਿਭਾਈ।ਸਿੱਖੀ ਦੇ ਪ੍ਰਚਾਰ ਹਿੱਤ 1872 ਈ: ਵਿਚ ਸਿੰਘ ਸਭਾ ਦੀ ਸਥਾਪਨਾ ਹੋਈ।ਇਸੇ ਤਰ੍ਹਾਂ ਹੀ ਸਿੰਘ ਸਭਾ ਲਹਿਰ ਨੇ ਈਸਾਈ ਮਿਸ਼ਨਰੀਆਂ ਦੀ ਬਾਈਬਲ ਅਤੇ ਟ੍ਰੈਕਟ ਸੁਸਾਇਟੀ ਦੇ ਟਾਕਰੇ ਵਿਚ 1893 ਈ: ਵਿਚ **ਖਾਲਸਾ ਟ੍ਰੈਕਟ ਸੁਸਾਇਟੀ** ਕਾਇਮ ਕੀਤੀ।**ਖਾਲਸਾ ਸਮਾਚਾਰ** ਨਾਮਕ ਅਖਬਾਰ ਕੱਢਿਆ ਅਤੇ ਭਾਈ ਵੀਰ ਸਿੰਘ ਨੇ **ਵਜੀਰ ਹਿੰਦ** ਪ੍ਰੈਸ ਲਗਾਈ।ਆਧੁਨਿਕ ਪੰਜਾਬੀ ਸਾਹਿਤ ਦੀ ਹਰ ਵਿਧਾ ਤੇ ਉਨ੍ਹਾਂ ਨੇ ਕਲਮ ਅਜ਼ਮਾਈ ਕੀਤੀ ਹੈ ਅਤੇ ਨਿਯਮਿਤ ਰੂਪ ਵਿਚ ਸਾਹਿਤ ਰਚਨਾ ਦੇ ਕਾਰਜ ਨੂੰ ਆਪਣਾ ਆਦਰਸ਼ ਬਣਾ ਲਿਆ। ਉਹਨਾਂ ਨੇ ਪੰਜਾਬੀ ਨਾਵਲ, ਕਵਿਤਾ, ਨਾਟਕ, ਵਾਰਤਕ, ਸੰਪਾਦਨ, ਸਟੀਕ ਰਚਨਾ ਦੇ ਖੇਤਰ ਵਿੱਚ ਕਾਫ਼ੀ ਵਿਦਵਤਾ ਭਰਪੂਰ ਰਚਨਾਵਾਂ ਦੇ ਕੇ ਨਵੀਆਂ ਲੀਹਾਂ ਪਾਈਆਂ ਹਨ ।ਉਨ੍ਹਾਂ ਨੇ ਆਪਣੇ ਪੂਰਵਜਾਂ ਨਾਲੋਂ ਗੁਣਾਤਮਕ ਅਤੇ ਗਿਣਾਤਮਕ ਪੱਖ ਤੋਂ ਵਧੇਰੇ ਰਚਨਾ ਕੀਤੀ ਹੈ।ਉਨ੍ਹਾਂ ਨੇ ਗਦ ਅਤੇ ਪਦ ਦੋਹਾਂ ਰੂਪਾਂ ਵਿੱਚ ਰਚਨਾ ਕੀਤੀ ਹੈ ਪਰ ਸਾਡੇ ਵਿਸ਼ੇ ਦਾ ਸਬੰਧ ਉਨ੍ਹਾਂ ਦੁਆਰਾ ਲਿਖੇ ਨਾਵਲਾਂ ਵਿਚ ਪੇਸ਼ ਮੁੱਖ ਸਰੋਕਾਰ ਹਨ । ਡਾ. ਪਰਮੀਤ ਕੌਰ ਅਨੁਸਾਰ:

ਭਾਈ ਵੀਰ ਸਿੰਘ ਦੇ ਨਾਵਲ ਸਮਾਜਿਕ, ਰਾਜਨੀਤਿਕ, ਧਾਰਮਿਕ, ਸਭਿਆਚਾਰਕ ਸਰੋਕਾਰਾਂ ਨਾਲ ਸਬੰਧਤ ਹਨ ।[2]

ਭਾਈ ਵੀਰ ਸਿੰਘ ਦਾ ਪਹਿਲਾ ਮੌਲਿਕ ਨਾਵਲ **ਸੁੰਦਰੀ** ਵੀ ਇਸੇ ਪ੍ਰੈਸ ਦੀ ਉਪਜ ਹੈ।ਉਨ੍ਹਾਂ ਨੇ ਇਹ ਨਾਵਲ 1897 ਵਿਚ ਪ੍ਰਕਾਸ਼ਿਤ ਕੀਤਾ।ਭਾਈ ਵੀਰ ਸਿੰਘ ਦੇ ਪੰਜਾਬੀ ਨਾਵਲ ਖੇਤਰ ਵਿਚ ਪ੍ਰਵੇਸ਼ ਕਰਨ ਵੇਲੇ ਦੀ ਸਮੁੱਚੀ ਸਥਿਤੀ ਵਿਚੋਂ ਪੰਜਾਬੀ ਨਾਵਲ ਦੇ ਸ਼ੁਰੂਆਤੀ ਦੌਰ ਦੀ ਪ੍ਰਮੁੱਖ ਪ੍ਰਵਿਰਤੀ ਨੂੰ ਸਪੱਸ਼ਟ ਭਾਂਤ ਸਮਝਿਆ ਜਾ ਸਕਦਾ ਹੈ।ਇਸ ਸਮੇਂ ਦੌਰਾਨ ਭਾਵੇਂ ਪੰਜਾਬ ਦੇ ਵਿਭਿੰਨ ਧਰਮਾਂ ਵਿਚ ਧਾਰਮਿਕ ਸੁਧਾਰਵਾ ਦੀਆਂ ਲਹਿਰਾਂ ਪੈਦਾ ਹੋਈਆਂ ਪ੍ਰੰਤੂ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਜ਼ਿੰਮੇਵਾਰੀ ਸਿਰਫ ਤੇ ਸਿਰਫ ਸਿੰਘ ਸਭਾ ਲਹਿਰ ਨੇ ਹੀ ਨਿਭਾਈ।ਸਿੰਘ ਸਭਾ ਲਹਿਰ ਦਾ ਮੁੱਖ ਆਸ਼ਾ ਸਿੱਖ ਧਰਮ ਦੇ ਪੁਨਰ ਉਥਾਨ ਅਤੇ ਇਸਦੀ ਵਡਿਆਈ ਸਥਾਪਤ ਕਰਨਾ ਸੀ।ਡਾ.ਬਲਦੇਵ ਸਿੰਘ ਧਾਲੀਵਾਲ ਅਨੁਸਾਰ:

ਭਾਈ ਵੀਰ ਸਿੰਘ ਨੇ ਮੁੱਢਲੇ ਰੂਪ ਵਿਚ ਲਿਖਣਾ ਵੀ ਆਪਣੇ ਕਿੱਤੇ ਦੀਆਂ ਲੋੜਾਂ ਅਨੁਸਾਰ ਸ਼ੁਰੂ ਕੀਤਾ ਪਰ ਹੌਲੀ-ਹੌਲੀ ਇਹ ਕਾਰਜ ਉਸਨੂੰ ਪੁਨਰ ਜਾਗਰਣ ਦੀਆਂ ਲਹਿਰਾਂ ਨਾਲ ਜੋੜਨ ਵਾਲਾ ਹੋ ਨਿਬੜਿਆ। ਉਪਰੰਤ ਉਹ ਸੁਚੇਤ ਭਾਂਤ ਸਿੰਘ ਸਭਾ ਲਹਿਰ ਅਤੇ ਚੀਫ ਖਾਲਸਾ ਦੀਵਾਨ ਦੇ ਪਿਛੋਕੜ ਕਾਰਨ ਪੁਨਰ ਜਾਗਰਨ ਦੀਆਂ ਭਾਰਤੀ ਲਹਿਰਾਂ ਵਾਲੇ ਰਾਹ ਤੁਰਨ ਲਈ ਯਤਨਸ਼ੀਲ ਹੋ ਗਿਆ।ਮੋੜਵੇਂ ਰੂਪ ਵਿਚ ਇਹਨਾਂ ਲਹਿਰਾਂ ਨੇ ਭਾਈ ਵੀਰ ਸਿੰਘ ਜੀ ਦੀ ਲਿਖਣ ਦੀ ਚੇਸ਼ਟਾ, ਲਿਖਣ ਸਮਰੱਥਾ ਅਤੇ ਲਿਖਣ ਮਾਤਰਾ ਉੱਤੇ ਬਹੁ-ਪੱਖੀ ਪ੍ਰਭਾਵ ਪਾਏ।[3]

ਸਿੱਖ ਧਰਮ ਦੇ ਅੰਤਰਗਤ ਚੱਲ ਰਹੀਆਂ ਦੂਸਰੀਆਂ ਸੁਧਾਰਵਾਦੀ ਲਹਿਰਾਂ ਦੀ ਤਰ੍ਹਾਂ ਹੀ ਸਿੰਘ ਸਭਾ ਲਹਿਰ ਅਤੇ ਚੀਫ ਖਾਲਸਾ ਦੀਵਾਨ ਦਾ ਮੁੱਖ ਮਕਸਦ ਵੀ ਸਿੱਖ ਧਰਮ ਵਿਚ ਆ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਯਤਨ ਕਰਨਾ ਸੀ। ਇਸ ਦੇ ਨਾਲ ਹੀ ਸਾਮਰਾਜ ਦੀਆਂ ਭਾਰੂ ਨੀਤੀਆਂ, ਪੱਛਮੀ ਸੰਸਕ੍ਰਿਤੀ ਦੇ ਵਧਦੇ ਪ੍ਰਭਾਵ ਅਤੇ ਈਸਾਈ ਪਾਦਰੀਆਂ ਦੀਆਂ ਵਧ ਰਹੀਆਂ ਗਤੀਵਿਧੀਆਂ ਦੀ ਪ੍ਰਤੀਕਿਰਿਆ ਦੇ ਸਿੱਟੇ ਵਜੋਂ ਪੰਜਾਬ ਵਿੱਚ ਧਾਰਮਿਕ ਪੁਨਰ ਸੁਰਜੀਤੀ ਦੀਆਂ ਲਹਿਰਾਂ ਪੈਦਾ ਹੋਈਆਂ।ਇਨ੍ਹਾਂ ਲਹਿਰਾਂ ਦਾ ਮੂਲ ਪ੍ਰਯੋਜਨ ਜਿਥੇ ਈਸਾਈ ਧਰਮ ਦੇ ਵਧਦੇ ਪ੍ਰਭਾਵ ਨੂੰ ਰੋਕਣਾ ਸੀ ਉਥੇ ਆਪਣੇ ਅਤੀਤ ਦੇ ਗੌਰਵ ਨੂੰ ਦਿਖਾ ਕੇ ਲੋਕਾਂ ਵਿੱਚ ਆਪਣੇ-ਆਪਣੇ ਧਰਮਾਂ ਪ੍ਰਤੀ ਆਸਥਾ ਪੈਦਾ ਕਰਨਾ ਸੀ। ਸਾਡੇ ਸਮਾਜਿਕ,ਧਾਰਮਿਕ,ਆਰਥਿਕ, ਰਾਜਨੀਤਿਕ ਅਤੇ ਵਿਦਿਅਕ ਜੀਵਨ ਵਿਚ ਇਹਨਾਂ ਲਹਿਰਾਂ ਦਾ ਨਿਰਸੰਦੇਹ ਬਹੁਤ ਯੋਗਦਾਨ ਰਿਹਾ ਪ੍ਰੰਤੂ ਇਨ੍ਹਾਂ ਦੀ ਕਥਿਤ ਧਾਰਮਿਕ ਸੰਪਰਦਾਇਕਤਾ ਵਾਲੀ ਸੋਚ ਨੇ ਸਾਡੇ ਉਨ੍ਹਾਂ ਮਾਨਵਵਾਦੀ ਤੇ ਉਦਾਰਵਾਦੀ ਮੁੱਲਾਂ ਨੂੰਵੀ ਸੱਟ ਮਾਰੀ ਜਿਹੜੇ ਸਾਡੀ ਸੰਸਕ੍ਰਿਤੀ ਦੀ ਮੁੱਲਵਾਨ ਤੇ ਨਰੋਈ ਵਿਰਾਸਤ ਦੇ ਪਹਿਚਾਣ ਚਿੰਨ੍ਹ ਸਨ ।ਖਾਲਸਾ ਸਮਾਚਾਰ ਅਖਬਾਰ ਦੇ ਲੇਖਾਂ ਰਾਹੀਂ ਵੀਰ ਸਿੰਘ ਨੇ ਵੀ ਸਿੱਖ ਧਰਮ ਪ੍ਰਤੀ ਆਸਥਾ ਪੈਦਾ ਕਰਨ ਦਾ ਯਤਨ ਕੀਤਾ।

ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲਾ ਇਤਿਹਾਸਕ ਕਾਲ ਅਠਾਰਵੀਂ ਸਦੀ ਦਾ ਹੈ।ਉਸ ਸਮੇਂ ਭਾਈ ਵੀਰ ਸਿੰਘ ਨੇ ਸਭ ਤੋਂ ਪਹਿਲਾਂ **ਸੁੰਦਰੀ** ਨਾਵਲ ਦੀ ਰਚਨਾ ਕੀਤੀ। ਉਸ ਵਕਤ ਪੰਜਾਬ ਨੂੰ ਅੰਗਰੇਜ਼ਾਂ ਦੇ ਹੱਥ ਆਇਆ ਪੰਜਾਹ ਸਾਲ ਬੀਤ ਚੁੱਕੇ ਸਨ। ਰਾਜ ਹੱਥੋਂ ਜਾਣ ਕਾਰਨ ਸਿੱਖਾਂ ਵਿੱਚ ਨਿਰਾਸ਼ਾ ਦੀ ਭਾਵਨਾ ਆਉਣੀ ਸੁਭਾਵਕ ਸੀ ਪਰ ਹੌਲੀ-ਹੌਲੀ ਉਨ੍ਹਾਂ ਨੇ ਮਾਨਸਿਕ ਤੌਰ ਤੇ ਸਮਝੌਤਾ ਕਰਨਾ ਆਰੰਭ ਕੀਤਾ ਕਿਉਂਕਿ ਉਨ੍ਹਾਂ ਦੇ ਸਬੰਧ ਉਦਯੋਗਿਕ ਤੌਰ ਤੇਉਨੱਤ ਅਤੇ ਵੱਖਰੀ ਸੰਸਕ੍ਰਿਤੀ ਵਾਲੀ ਅੰਗਰੇਜ਼ ਕੌਮ ਨਾਲ ਸੀ।ਅੰਗਰੇਜ਼ਾਂ ਨੇ ਇੱਥੋਂ ਦੀਆਂ ਨੀਵੀਆਂ ਸ਼੍ਰੇਣੀਆਂ ਨੂੰ ਬਰਾਬਰੀ ਦਾ ਦਰਜਾ ਦੇ ਕੇ ਈਸਾਈ ਧਰਮ ਵਿੱਚ ਸ਼ਾਮਿਲ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਇਨ੍ਹਾਂ ਸ਼੍ਰੇਣੀਆਂ ਦੇ ਲੋਕ ਜਾਤ-ਪਾਤ ਦੇ ਬੰਧਨਾਂ ਕਰਕੇ ਦੱਬੇ ਹੋਏ ਸਨ ।ਧਰਮ ਬਦਲਣ ਨਾਲ ਉਹ ਬੰਧਨਾਂ ਤੋਂ ਆਜ਼ਾਦ ਵੀ ਹੋਏ ਅਤੇ ਹਾਕਮ ਸ਼੍ਰੇਣੀ ਨਾਲ ਧਾਰਮਿਕ ਬਰਾਬਰੀ ਦਾ ਦਰਜਾ ਮਿਲਣ ਕਾਰਨ ਉੱਚਾ ਦਰਜਾ ਤੇ ਕਈ ਸਹੂਲਤਾਂ ਵੀ ਪ੍ਰਾਪਤ ਕਰ ਲਈਆਂ।ਇਸ ਤਰ੍ਹਾਂ ਦੇ ਸਭ ਕਾਰਨਾਂ ਦੀ ਪੁਸ਼ਟੀ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਰਾਹੀਂ ਕੀਤੀ ਹੈ।

ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਹੈ। ਉਨ੍ਹਾਂ ਦੇ ਨਾਵਲ ਸੁੰਦਰੀ ਨੂੰ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਸਵੀਕਾਰ ਕੀਤਾ ਜਾਂਦਾ ਹੈ ਕਿਉਂਕਿ ਇਸ ਨਾਵਲ ਰਾਹੀਂ ਹੀ ਪੰਜਾਬੀ ਵਿੱਚ ਧਾਰਮਿਕ, ਇਤਿਹਾਸਕ ਨਾਵਲ ਦੀ ਪਰੰਪਰਾ ਦਾ ਮੁੱਢ ਬੱਝਦਾ ਹੈ।"ਜਿਸ ਸਮੇਂ ਭਾਈ ਸਾਹਿਬ ਨੇ ਸਾਹਿਤ ਰਚਨਾ ਆਰੰਭੀ ਉਸ ਵਕਤ ਫਾਰਸੀ ਤੇ ਬ੍ਰਜ ਭਾਸ਼ਾ ਨੂੰ ਹੀ ਸਾਹਿਤ ਵਿੱਚ ਪ੍ਰਧਾਨਤਾ ਪ੍ਰਾਪਤ ਸੀ ਤੇ ਪੰਜਾਬੀ ਬੋਲੀ ਨੂੰ ਪੇਂਡੂ ਕਹਿ ਕੇ ਛੁਟਿਆਇਆ ਜਾਂਦਾ ਸੀ। ਅਜਿਹੇ ਮੌਕੇ ਤੇ ਭਾਈ ਵੀਰ ਸਿੰਘ ਨੇ ਪੰਜਾਬੀ ਬੋਲੀ ਨੂੰ ਨਾ ਕੇਵਲ ਅਪਨਾਉਣ ਦਾ ਫੈਸਲਾ ਕੀਤਾ ਸਗੋਂ ਇਸ ਨੂੰ ਦੂਜੀਆਂ ਬੋਲੀਆਂ ਦੀ ਅਗਲੀ ਕਤਾਰ ਵਿੱਚ ਲਿਆ ਖੜਾਇਆ।[4]

**ਸੁੰਦਰੀ** ਨਾਵਲ ਰਾਹੀਂ ਭਾਈ ਵੀਰ ਸਿੰਘ ਨੇ ਸੁੰਦਰੀ ਨਾਮਕ ਨਾਇਕਾ ਦੇ ਜੀਵਨ ਦੀਆਂ ਮਹਾਨ ਕੁਰਬਾਨੀਆਂ, ਬਹਾਦਰੀ ਅਤੇ ਧਰਮ ਨਿਸ਼ਠਾ ਨੂੰ ਪੇਸ਼ ਕਰਕੇ ਉਸ ਸਮੇਂ ਦੀਆਂ ਇਸਤਰੀਆਂ ਸਾਹਮਣੇ ਇਕ ਆਦਰਸ਼ ਸਿੰਘਣੀ ਦਾ ਚਿਤਰ ਉਲੀਕਿਆ ਹੈ।ਇਸ ਤੋਂ ਇਲਾਵਾ ਸਿੱਖ ਧਰਮ ਤੋਂ ਬੇ-ਮੁੱਖ ਹੋ ਕੇ ਦੂਜੇ ਧਰਮਾਂ ਵਿੱਚ ਸ਼ਾਮਲ ਹੋਣ ਦਾ ਖੰਡਨ ਕੀਤਾ ਅਤੇ ਭੇਖੀ ਸਾਧੂਆਂ, ਸੰਤਾਂ ਤੇ ਵਹਿਮਾਂ-ਭਰਮਾਂ ਤੋਂ ਬਚਣ ਦਾ ਉਪਦੇਸ਼ ਵੀਦਿੱਤਾ।ਸੁੰਦਰੀ ਇਕ ਹਿੰਦੂ ਖਤਰੀ ਦੀ ਜਵਾਨ ਅਤੇ ਸੋਹਣੀ ਲੜਕੀ ਹੈ ਜਿਸ ਦਾ ਮੁਕਲਾਵਾ ਹੋਣ ਕਰਕੇ ਉਹ ਆਪਣੀਆਂ ਸਹੇਲੀਆਂ ਨਾਲ ਬੈਠੀ ਚੌਲ ਛੜ ਰਹੀ ਹੁੰਦੀ ਹੈ।ਉਧਰੋਂ ਮੁਗ਼ਲ ਅਫ਼ਸਰ ਅਤੇ ਸਿਪਾਹੀ ਲੰਘਦੇ ਹੋਏ ਉਸਦੀ ਸੁੰਦਰਤਾ ਦੇਖ ਕੇ ਉਸ ਤੇ ਮੋਹਿਤ ਹੋ ਜਾਂਦਾ ਹੈ ਅਤੇ ਉਸ ਨੂੰ ਚੁੱਕ ਲਿਜਾਂਦਾ ਹੈ। ਸੁੰਦਰੀ ਦਾ ਪਿਤਾ ਅਤੇ ਪਿੰਡ ਦੇ ਲੋਕ ਉਸ ਮੁਗ਼ਲ ਅਫ਼ਸਰ ਅੱਗੇ ਸੁੰਦਰੀ ਨੂੰ ਛੱਡਣ ਲਈ ਮਿੰਨਤਾ-ਤਰਲੇ ਕਰਦੇ ਨਜ਼ਰ ਆਉਂਦੇ ਹਨ ਪਰ ਉਹ ਕਿਸੇ ਦੀ ਨਹੀਂ ਮੰਨਦਾ।ਬੇਬੱਸ ਸੁੰਦਰੀ ਜਪੁਜੀ ਸਾਹਿਬ ਦਾ ਪਾਠ ਕਰਦੀ ਹੋਈ ਚਿਖਾ ਬਣਾ ਕੇ ਉਸ ਵਿਚ ਸੜਨ ਲਈ ਤਿਆਰ ਹੋ ਜਾਂਦੀ ਹੈ।ਉਸੇ ਸਮੇਂ ਉਸਦਾ ਭਰਾ ਬਲਵੰਤ ਸਿੰਘ ਜੋ ਸਿੰਘ ਸਜ ਜਾਂਦਾ ਹੈ ਆ ਕੇ ਉਸਨੂੰ ਬਚਾਉਂਦਾ ਹੈ।ਦੋਵੇਂ ਭੈਣ-ਭਰਾ ਇਥੋਂ ਬਚ ਨਿਕਲਦੇ ਹਨ ਪਰ ਵੱਡੇ ਮੁਗਲ ਨਵਾਬ ਦੇ ਪੰਜੇ ਵਿਚ ਫਸ ਜਾਂਦੇ ਹਨ ।ਇਸੇ ਦੌਰਾਨ ਇੱਕ ਸਿੱਖ ਜਥਾ ਉਨ੍ਹਾਂ ਨੂੰ ਆ ਕੇ ਬਚਾਉਂਦਾ ਹੈ।ਸੁਰਸਤੀ ਜੋ ਅੰਮ੍ਰਿਤ ਛਕ ਕੇ ਸੁੰਦਰੀ ਬਣ ਜਾਂਦੀ ਹੈ ਅਤੇ ਸਿੱਖ ਧਰਮ ਲਈ ਆਪਣਾ ਜੀਵਨ ਅਰਪਣ ਕਰਨ ਲਈ ਤਿਆਰ ਹੋ ਜਾਂਦੀ ਹੈ। ਉਹ ਲੋਕਾਂ ਦੀ ਭਲਾਈ ਕਰਦੀ ਹੈ ਪਰ ਅਚਾਨਕ ਨਵਾਬ ਉਸ ਨੂੰ ਫਿਰ ਕੈਦ ਕਰ ਲੈਂਦਾ ਹੈ ਪਰ ਅੰਤ ਸੁੰਦਰੀ ਦੁਰਗਾ ਦਾ ਰੂਪ ਧਾਰ ਲੈਂਦੀ ਹੈ ਅਤੇ ਮੁਗ਼ਲ ਸਰਦਾਰ ਨੂੰ ਤਲਵਾਰ ਦੇ ਵਾਰ ਨਾਲ ਮਾਰ-ਮੁਕਾਉਂਦੀ ਹੈ ਪਰ ਲੜਾਈ ਵਿੱਚ ਇੱਕ ਮੁਗਲ ਹਾਕਮ ਧੋਖੇ ਨਾਲ ਉਸ ਨੂੰ ਜ਼ਖ਼ਮੀ ਕਰਕੇ ਕੈਦ ਕਰ ਲੈਂਦਾ ਹੈ।ਇਸ ਵਾਰ ਫਿਰ ਸਿੰਘਾਂ ਦਾ ਜਥਾ ਉਸ ਨੂੰ ਬਚਾਉਂਦਾ ਹੈ ਪਰ ਸੁੰਦਰੀ ਲੜਾਈ ਦੌਰਾਨ ਜ਼ਖਮੀ ਹੋ ਜਾਂਦੀ ਹੈ। ਭਰਾਵਾਂ ਕੋਲ ਟਿਕਾਣੇ ਉਪਰ ਪਹੁੰਚਣ ਮਗਰੋਂ ਕੁਝ ਦਿਨ ਬਿਮਾਰ ਰਹਿੰਦੀ ਹੈ ਅਤੇ ਅੰਤ ਅਕਾਲ ਚਲਾਣਾ ਕਰ ਜਾਂਦੀ ਹੈ।

ਭਾਈ ਵੀਰ ਸਿੰਘ ਦਾ ਦੂਜਾ ਨਾਵਲ **ਬਿਜੈ ਸਿੰਘ** ਹੈ ਜੋ ਸੁੰਦਰੀ ਨਾਵਲ ਤੋਂ ਮਗਰੋਂ 1899 ਵਿੱਚ ਛਪਿਆ।ਇਸ ਨਾਵਲ ਦੇ ਵਿਸ਼ੇ ਦਾ ਸਰੋਕਾਰ ਅਠਾਰਵੀਂ ਸਦੀ ਦੇ ਸਿੱਖ ਇਤਿਹਾਸ ਨਾਲ ਜਾ ਜੁੜਦਾ ਹੈ।ਉਨ੍ਹਾਂ ਨੇ ਇਹ ਨਾਵਲ ਸਿੱਖੀ ਜੀਵਨ-ਜਾਂਚ ਤੋਂ ਦੂਰ ਜਾ ਰਹੇ ਸਿੱਖ ਜਗਤ ਨੂੰ ਪ੍ਰੇਰਨਾ ਦੇ ਕੇ ਸਿੱਖੀ ਦੇ ਮਾਰਗ ਉੱਤੇ ਲਿਆਉਣ ਦੇ ਮਕਸਦ ਨਾਲ ਲਿਖਿਆ ਸੀ।ਇਸ ਨਾਵਲ ਰਾਹੀਂ ਉੱਚ ਆਚਰਨ ਵਾਲੇ ਸੂਰਬੀਰ ਸਿੰਘਾਂ ਨੂੰ ਆਦਰਸ਼ ਬਣਾ ਕੇ ਪੇਸ਼ ਕੀਤਾ ਗਿਆ ਹੈ।ਇਸ ਨਾਵਲ ਦੇ ਨਾਇਕ ਬਿਜੈ ਸਿੰਘ ਦਾ ਸਰੋਕਾਰ ਮੁਗਲ ਰਾਜ ਦੇ ਇਕ ਦੀਵਾਨ ਚੂਹੜ ਮੱਲ ਦੇ ਪਰਿਵਾਰ ਨਾਲਜਾ ਜੁੜਦਾ ਹੈ।ਇਸ ਵਿਚਲਾ ਸਮਾਂ 1752 ਤੋਂ 1756 ਤੱਕ ਦਾ ਇਤਿਹਾਸਕ ਕਾਲ ਹੈ।ਇਸ ਵਿਚ ਮੀਰ ਮੰਨੂੰ ਦੇ ਸਿੰਘਾਂ ਤੇ ਸਿੰਘਣੀਆਂ ਉਪਰ ਕੀਤੇ ਅਤਿਆਚਾਰ ਅਤੇ ਅਬਦਾਲੀ ਦੇ ਚੌਥੇ ਹਮਲੇ ਦਾ ਜਿਕਰ ਕੀਤਾ ਗਿਆ ਹੈ।ਇਹ ਲਈ ਬੜਾ ਕਸ਼ਟ ਭਰਪੂਰ ਸਮਾਂ ਰਿਹਾ ਹੈ।ਇਸ ਸਮੇਂ ਦੌਰਾਨ ਮੀਰ ਮਨੂੰ ਦੀ ਫੌਜ ਵੱਲੋਂ ਸਿੱਖਾਂ ਨੂੰ ਵੱਖ-ਵੱਖ ਥਾਵਾਂ ਤੇ ਘੇਰ ਕੇ ਕਤਲ ਕਰ ਦਿੱਤਾ ਜਾਂਦਾ ਸੀ।ਇਸ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਕਿਸੇ ਸਿੱਖ ਦਾ ਸਿਰ ਵੱਢ ਕੇ ਲਿਆਉਂਦਾ ਸੀ ਤਾਂ ਉਸ ਨੂੰ ਇਨਾਮ ਵੀ ਦਿੱਤਾ ਜਾਂਦਾ ਸੀ।ਸਿੱਖਾਂ ਨੂੰ ਹਰ ਤਰ੍ਹਾਂ ਨਾਲ ਤਸੀਹੇ ਦਿੱਤੇ ਜਾਂਦੇ ਸਨ । ਇਸ ਨਾਵਲ ਰਾਹੀਂ ਭਾਈ ਵੀਰ ਸਿੰਘ ਸਿੱਖ ਫਿਰਕੇ ਨੂੰ ਨਿੱਕੀਆਂ-ਨਿੱਕੀਆਂ ਖੁਦਗਰਜ਼ੀਆਂ ਜਾਂ ਪ੍ਰਾਪਤੀਆਂ ਵੱਲੋਂ ਹਟਾ ਕੇ ਅਠਾਰਵੀਂ ਸਦੀ ਦੇ ਸਿੰਘਾਂ ਵਾਂਗ ਕਿਸੇ ਵੱਡੇ ਇਤਿਹਾਸਕ ਕਾਰਜ ਨਾਲ ਜੋੜਨਾ ਚਾਹੁੰਦਾ ਹੈ:

ਸਿੱਖ ਉਸ ਸਮੇਂ (ਅਠਾਰ੍ਹਵੀਂ ਸਦੀ) ਦੇ ਰਾਜ ਭਾਗ ਨੂੰ ਛੱਡ ਕੇ ਬੰਗਾਲ ਤਾਈਂ ਆ (ਅਤੇ) ਕੈਦਾਂ,ਦੇਸ਼ ਨਿਕਾਲੇ ਤੇ ਡਾਢੇ ਕਸ਼ਟਾਂ ਵਿੱਚ ਪੈ ਕੇ ਸਿੱਖ ਧਰਮ ਦਾ ਨਿਰਬਾਹ ਕਰਦੇ ਸਨ, ਉਨ੍ਹਾਂ ਦੇ ਪੂਰਨਿਆਂ ਤੇ ਸਭ ਸਿਖਾਂ ਨੂੰ ਟੁਰਨਾ ਚਾਹੀਏ।[5]

ਇਸ ਨਾਵਲ ਵਿਚਲਾ ਨਾਇਕ ਦੀਵਾਨ ਚੂਹੜਮੱਲ ਜੋ ਕਿ ਇਕ ਹਿੰਦੂ ਹੈ ਦਾ ਛੋਟਾ ਪੁੱਤਰ ਰਾਮ ਲਾਲ ਸਿੱਖ ਸੰਗਤ ਦੇ ਪ੍ਰਭਾਵ ਅਧੀਨ ਸਿੰਘ ਸਜ ਜਾਂਦਾ ਹੈ।ਉਸ ਦਾ ਪਿਤਾ ਮੁਗਲਾਂ ਦੇ ਡਰ ਕਾਰਨ ਉਸ ਨੂੰ, ਉਸ ਦੀ ਪਤਨੀ ਸ਼ੀਲ ਕੌਰ ਅਤੇ ਉਸ ਦੇ ਛੇ ਸਾਲ ਦੇ ਬੇਟੇ ਵਰਿਆਮ ਸਿੰਘ ਨੂੰ

ਘਰੋਂ ਕੱਢ ਦਿੰਦਾ ਹੈ।ਬਾਪ ਦੁਆਰਾ ਘਰੋਂ ਕੱਢੇ ਜਾਣ ਕਾਰਨ ਰਾਮ ਲਾਲ ਤੋਂ ਬਿਜੈ ਸਿੰਘ ਬਣਿਆ ਸਿੰਘ ਆਪਣੀ ਪਤਨੀ ਅਤੇ ਬੇਟੇ ਸਮੇਤ ਅਨੇਕਾਂ ਮੁਸੀਬਤਾਂ ਝੱਲਦਾ ਹੈ ਪਰ ਮੁਸੀਬਤਾਂ ਦੇ ਬਾਵਜੂਦ ਵੀ ਉਹ ਆਪਣਾ ਸਿੱਖੀ ਸਿਦਕ ਨਹੀਂ ਹਾਰਦਾ।ਮਿਸਰ ਸਿੰਘ ਇਸ ਨਾਵਲ ਵਿਚ ਖਲਨਾਇਕ ਦੀ ਭੂਮਿਕਾ ਅਦਾ ਕਰਦਾ ਹੈ। ਧੋਖੇ ਨਾਲ ਬਿਜੈ ਸਿੰਘ ਦੇ ਪਰਿਵਾਰ ਨੂੰ ਪਕੜਵਾ ਦਿੰਦਾ ਹੈ ਅਤੇ ਉਸ ਕੋਲ ਪੇਸ਼ ਕਰਦਾ ਹੈ। ਨਵਾਬ ਬਿਜੈ ਸਿੰਘ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਹੈ ਅਤੇ ਉਸ ਦੀ ਪਤਨੀ ਸ਼ੀਲ ਕੌਰ ਨੂੰ ਆਪਣੀ ਬੇਗਮ,ਪਰ ਉਹ ਬਿਜੈ ਸਿੰਘ ਦੇ ਸਿਦਕ ਅੱਗੇ ਅਸਫਲ ਹੁੰਦਾ ਹੈ।ਜਲੰਧਰ ਦੇ ਹਾਕਮ ਨਸੀਰੁਦੀਨ ਦੇ ਨਾਲ ਸਿੰਘਾਂ ਦੀ ਲੜਾਈ ਵਿਚ ਬਿਜੈ ਸਿੰਘ ਜ਼ਖਮੀ ਹੋ ਜਾਂਦਾ ਹੈ ਅਤੇ ਜਥੇ ਵਿੱਚ ਪਹੁੰਚ ਕੇ ਆਪਣੇ ਪ੍ਰਾਣ ਤਿਆਗ ਦਿੰਦਾ ਹੈ। ਉਸਦੀ ਪਤਨੀ ਸ਼ੀਲ ਕੌਰ ਵੀ ਸਵਰਗਵਾਸ ਹੋ ਜਾਂਦੀ ਹੈ।ਭਾਈ ਵੀਰ ਸਿੰਘ ਨੇ ਬਿਜੈ ਸਿੰਘ ਦੀ ਪਤਨੀ ਸ਼ੀਲ ਕੌਰ ਦੇ ਚਰਿੱਤਰ ਰਾਹੀਂ ਸਿੱਖ ਇਸਤਰੀਆਂ ਸਾਹਮਣੇ ਇਕ ਵਾਰ ਫਿਰ ਆਦਰਸ਼ ਸਿੰਘਣੀ ਦਾ ਚਿਤਰ ਉਲੀਕਿਆ ਹੈ।

ਸਤਵੰਤ ਕੌਰ ਭਾਈ ਵੀਰ ਸਿੰਘ ਦਾ ਤੀਜਾ ਇਤਿਹਾਸਕ ਨਾਵਲ ਹੈ।1980 ਈਸਵੀ ਵਿਚ ਪ੍ਰਕਾਸ਼ਿਤ ਹੋਇਆ ਇਹ ਨਾਵਲ ਪਹਿਲੇ ਦੋਹਾਂ ਨਾਵਲਾਂ ਨਾਲੋਂ ਵੱਡਾ ਹੈ।ਇਸ ਨਾਵਲ ਵਿਚ 1756-58 ਈਸਵੀ ਦੇ ਸਮੇਂ ਤੋਂ ਸ਼ੁਰੂ ਹੋ ਕੇ ਅਬਦਾਲੀ ਦੇ ਹਮਲਿਆਂ, ਦਿੱਲੀ ਵਿੱਚ ਹੋਏ ਅੱਤਿਆਚਾਰਾਂ, ਸਿੱਖਾਂ ਵੱਲੋਂ ਕੀਤੀ ਗਈ ਤਬਾਹੀ ਅਤੇ ਅਖੀਰ ਵਿੱਚ ਅਦੀਨਾ ਬੇਗ ਦਾ ਮਰਹੱਟਿਆਂ ਨੂੰ ਪੰਜਾਬ ਵਿਚ ਸੱਦ ਕੇ ਅਫ਼ਗ਼ਾਨ ਹਕੂਮਤ ਖਤਮ ਕਰਨ ਦੇ ਸਮਾਚਾਰ ਹਨ ।ਇਸ ਨਾਵਲ ਦੇ ਦੋ ਭਾਗ ਹਨ ।ਇਸ ਨਾਵਲ ਵਿਚਲੀ ਨਾਇਕਾ ਸਤਵੰਤ ਕੌਰ ਇੱਕ ਅਫਸਰ ਨੂੰ, ਜੋ ਖੂਹ ਵਿੱਚ ਡਿੱਗ ਪਿਆ ਸੀ, ਬਚਾਉਂਦੀ ਹੈ ਅਤੇ ਘਰ ਲਿਜਾ ਕੇ ਉਸ ਦਾ ਇਲਾਜ ਕਰਵਾਉਂਦੀ ਹੈ।ਇਲਾਜ ਦੇ ਦੌਰਾਨ ਉਹ ਅਫਸਰ ਸਤਵੰਤ ਕੌਰ ਉੱਤੇ ਮੋਹਿਤ ਹੋ ਜਾਂਦਾ ਹੈ ਅਤੇ ਇੱਕ ਦਿਨ ਉਸ ਨੂੰ ਜ਼ਬਰਦਸਤੀ ਚੁੱਕ ਲਿਜਾਂਦਾ ਜਾਂਦਾ ਹੈ।ਇਥੋਂ ਹੀ ਸਤਵੰਤ ਕੌਰ ਦੇ ਦੁੱਖਾਂ ਦੀ ਦਾਸਤਾਨ ਆਰੰਭ ਹੁੰਦੀ ਹੈ। ਕਾਬਲ ਪਹੁੰਚ ਕੇ ਉਸ ਨੂੰ ਇੱਕ ਹੋਰ ਖਾਨ ਖਰੀਦ ਲੈਂਦਾ ਹੈ।ਸਤਵੰਤ ਕੌਰ ਉਸਨੂੰ ਕਿਸੇ ਅਮੀਰ ਦੀ ਕੈਦ ਵਿਚੋਂ ਕਤਲ ਹੋਣ ਤੋਂ ਬਚਾਉਂਦੀ ਹੈ ਪਰ ਹੁਣ ਇਹੀ ਅਮੀਰ ਸਤਵੰਤ ਕੌਰ ਨੂੰ ਆ ਪਣੀ ਬਣਾਉਣਾ ਚਾਹੁੰਦਾ ਹੈ। ਰਾਤ ਨੂੰ ਅਮੀਰ ਨਾਲ ਨਿਕਾਹ ਹੋਣ ਤੋਂ ਪਹਿਲਾਂ ਹੀ ਮਹਿਲ ਨੂੰ ਅੱਗ ਲੱਗ ਜਾਂਦੀ ਹੈ ਅਤੇ ਸਤਵੰਤ ਕੌਰ ਉਥੋਂ ਭੱਜ ਨਿਕਲਦੀ ਹੈ। ਉਹ ਫਾਤਮਾ ਪਾਸ ਸ਼ਰਨ ਲੈਂਦੀ ਹੈ ਤੇ ਉੱਥੇ ਮਰਦ ਦਾ ਭੇਸ ਧਾਰ ਕੇ ਹਿੰਦੂਆਂ ਦੇ ਘਰ ਜਸਵੰਤ ਸਿੰਘ ਦੇ ਨਾਂ ਹੇਠ ਰਹਿਣ ਲੱਗ ਜਾਂਦੀ ਹੈ।ਫਿਰ ਪੰਜਾਬ ਜਾਣ ਦੇ ਇਰਾਦੇ ਨਾਲ ਮਰਦਾਵੇਂ ਭੇਸ ਵਿਚ ਹੀ ਜਥੇ ਵਿਚ ਸ਼ਾਮਲ ਹੋ ਜਾਂਦੀ ਹੈ।ਜਥੇ ਦੇ ਅਫ਼ਸਰ ਆਗਾ ਖਾਨ ਨਾਲ ਉਸ ਦਾ ਮਿਲਾਪ ਹੁੰਦਾ ਹੈਜੋ ਉਸ ਨੂੰ ਵੱਖ-ਵੱਖ ਮੁਸ਼ਕਲਾਂ ਤੋਂ ਬਚਾਉਂਦਾ ਹੈ।ਅੰਤ ਪੰਜਾਬ ਪਹੁੰਚ ਕੇ ਉਹ ਅੰਮ੍ਰਿਤ ਛਕਦੇ ਹਨ ।ਇਸ ਤਰ੍ਹਾਂ ਆਗਾ ਖਾਨ ਆਪਣੀ ਭੈਣ ਨੂੰ ਮਿਲਦਾ ਹੈ ਅਤੇ ਸਤਵੰਤ ਕੌਰ ਆਪਣੇ ਮਾਪਿਆਂ ਨੂੰ।ਇਸ ਨਾਵਲ ਦੀ ਨਾਇਕਾ ਬਾਰੇ ਡਾ਼ ਬਲਦੇਵ ਸਿੰਘ ਧਾਲੀਵਾਲ ਆਖਦੇ ਹਨ :

ਹਰ ਵਾਰ ਉਹ ਆਪਣੀ ਬਹਾਦਰੀ,ਸਿਰੜ, ਪਰਉਪਕਾਰੀ ਬਿਰਤੀ ਅਤੇ ਚੁਸਤੀ ਨਾਲ ਬਚ ਨਿਕਲਦੀ ਹੈ ਹਰ ਤਰ੍ਹਾਂ ਦੀਆਂ ਮੁਸੀਬਤਾਂ ਦੇ ਬਾਅਦ ਵੀ ਉਹ ਦੁਸ਼ਮਣ ਉੱਤੇ ਪਰਉਪਕਾਰ ਕਰਨ ਦਾ ਵਿਚਾਰ ਨਹੀਂ ਤਿਆਗਦੀ।[6]

ਜਿੱਥੇ ਭਾਈ ਵੀਰ ਸਿੰਘ ਦੇ ਪਹਿਲੇ ਦੋ ਨਾਵਲ ਦੁਖਾਂਤਕ ਹਨ ਉਥੇ ਇਹ ਨਾਵਲ ਸੁਖਾਂਤਮਈ ਹੈ।ਸਹੀ ਅਰਥਾਂ ਵਿਚ ਸਿੱਖ ਧਰਮ ਦੀ ਉੱਚਤਾ ਦਾ ਪ੍ਰਭਾਵ ਇਸ ਨਾਵਲ ਰਾਹੀਂ ਪੇਸ਼ ਕੀਤਾ ਗਿਆ ਹੈ।

ਭਾਈ ਵੀਰ ਸਿੰਘ ਦਾ ਚੌਥਾ ਅਤੇ ਅੰਤਿਮ ਨਾਵਲ **ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ** ਹੈ।ਇਹ 1923 ਈਸਵੀ ਵਿੱਚ ਪ੍ਰਕਾਸ਼ਿਤ ਹੋਇਆ। ਇਸ ਨਾਵਲ ਦੇ ਵਿਸ਼ੇ ਦਾ ਸਰੋਕਾਰ ਪਹਿਲੇ ਤਿੰਨ ਨਾਵਲਾਂ ਨਾਲੋਂ ਵੱਖਰੇ ਕਥਾ ਸੰਸਾਰ ਨਾਲ ਹੈ।ਇਸ ਨਾਵਲ ਵਿੱਚ ਉਨੀਵੀਂ ਸਦੀ ਦੇ ਪੇਂਡੂ ਜੀਵਨ, ਸਿੰਘ ਸਭਾ ਲਹਿਰ, ਆਰੀਆ ਸਮਾਜ ਲਹਿਰ, ਈਸਾਈ ਮਿਸ਼ਨਰੀ, ਵਿਦਿਅਕ, ਸਮਾਜਿਕ ਤੇ ਧਾਰਮਿਕ ਪ੍ਰਚਾਰਕ ਨੂੰ ਵਿਸ਼ਾ ਬਣਾਇਆ ਗਿਆ ਹੈ।ਇਸ ਨਾਵਲ ਵਿਚ ਜਮਨਾ ਨਾਂ ਦੀ ਇੱਕ ਗੈਰ ਹਿੰਦੂ ਇਸਤਰੀ ਹੈ ਜੋ ਜਵਾਨੀ ਵਿਚ ਪਤੀ ਦੀ ਮੌਤ ਤੋਂ ਬਾਅਦ ਵਿਧਵਾ ਹੋ ਜਾਂਦੀ ਹੈ।ਉਹ ਵੀ ਰਾਣੀ ਰਾਜ ਕੌਰ ਵਾਂਗ ਆਪਣੇ ਮਰ ਚੁੱਕੇ ਪਤੀ ਨੂੰ ਮਿਲਣ ਦੀ ਚਾਹਵਾਨ ਹੁੰਦੀ ਹੈ। ਇਸ ਚਾਹਤ ਤਹਿਤ ਉਹ ਕਿਸੇ ਮਾਂਦਰੀ ਦੇ ਜਾਲ ਵਿਚ ਫਸ ਜਾਂਦੀ ਹੈ ਜੋ ਉਸ ਦਾ ਧਨ ਲੈ ਕੇ ਰਫ਼ੂਚੱਕਰ ਹੋ ਜਾਂਦਾ ਹੈ।ਇਕ ਈਸਾਈ ਪ੍ਰਚਾਰਕ ਉਸ ਨੂੰ ਉਹ ਇਕ ਈਸਾਈ ਘਰਾਣੇ ਵਿਚ ਪਹੁੰਚਾ ਦਿੰਦਾ ਹੈ ਤੇ ਉਹ ਈਸਾਈ ਬਣ ਜਾਂਦੀ ਹੈ।ਇੱਥੋਂ ਇਕ ਮੁਸਲਮਾਨ ਨੂੰ ਉਸਦਾ ਛੁਟਕਾਰਾ ਕਰਵਾਉਂਦਾ ਹੈ ਤੇ ਉਹ ਮੁਸਲਮਾਨ ਬਣਾ ਦਿੱਤੀ ਜਾਂਦੀ ਹੈ। ਇਕ ਮੌਲਵੀ ਨਾਲ਼ ਵਿਆਹ ਤੋਂ ਬਚਾਓ ਕਰਨ ਲਈ ਉਹ ਰਾਵੀ ਵਿਚ ਛਾਲ ਮਾਰ ਕੇ ਆਤਮ- ਹੱਤਿਆ ਕਰਨਾ ਚਾਹੁੰਦੀ ਹੈ ਪਰ ਇਕ ਸਿੱਖ ਉਸਨੂੰ ਬਚਾ ਲੈਂਦਾ ਹੈ। ਸਿੱਖ ਧਰਮ ਅਨੁਸਾਰ ਅਧਿਆਤਮਕ ਸਿੱਖਿਆ ਦੇ ਕੇ ਉਸਨੂੰ ਸੁਭਾਗ ਜੀ ਦਾ ਨਾਂ ਦਿੰਦਾ ਹੈ। ਉਹ ਸਿੱਖ ਸੰਤ ਬਾਬਾ ਨੌਧ ਸਿੰਘ ਦੇ ਘਰ ਵਿਚ ਆ ਜਾਂਦੀ ਹੈ। ਉਹ ਇਸ ਘਰ ਵਿਚ ਧੀ ਵਾਂਗ ਰੱਖੀ ਜਾਂਦੀ ਹੈ ਤੇ ਸਿੱਖ ਧਰਮ ਦੀ ਕਿਰਤ ਵਿਚ ਪਰਪੱਕ ਹੋ ਜਾਂਦੀ ਹੈ।ਬਾਬਾ ਨੌਧ ਸਿੰਘ ਦਾ ਸੰਪਰਕ ਵਿਭਿੰਨ ਲਹਿਰਾਂ ਦੇ ਅਨੁਯਾਈਆਂ ਨਾਲ ਹੁੰਦਾ ਹੈ ਪਰ ਉਹ ਉਨ੍ਹਾਂ ਤੋਂ ਪ੍ਰਭਾਵਤ ਹੋਣ ਦੀ ਥਾਂ ਉਨ੍ਹਾਂ ਨੂੰ ਪ੍ਰਭਾਵਤ ਕਰ ਕੇ ਆਪਣਾ ਕਾਇਲ ਕਰ ਲੈਂਦਾ ਹੈ।ਇਸ ਪ੍ਰਕਾਰ ਉਸ ਦੇ ਸੰਪਰਕ ਵਿਚ ਆਉਣ ਵਾਲੇ ਸਾਰੇ ਲੋਕ ਉਸ ਦੇ ਅਜਿਹੇ ਸਿੱਖ ਆਦਰਸ਼ਾਂ ਦੇ ਮੁਰੀਦ ਬਣਦੇ ਜਾਂਦੇ ਹਨ । ਇਸ ਨਾਵਲ ਵਿੱਚ ਪੱਛਮ ਦੀ ਸ਼ਹਿਰੀ ਸੱਭਿਅਤਾ ਦੇ ਮੁਕਾਬਲੇ ਭਾਰਤੀ ਪੇਂਡੂ ਸਭਿਅਤਾ ਦਾ ਗੌਰਵ ਉਜਾਗਰ ਕਰਨ ਲਈ ਬਾਬਾ ਨੌਧ ਸਿੰਘ ਖੁਦ ਆਦਰਸ਼ ਬਣ ਕੇ ਪੇਸ਼ ਹੁੰਦਾ ਹੈ।

ਉਪਰੋਕਤ ਨਾਵਲਾਂ ਦੇ ਸਰੋਕਾਰਾਂ ਵਿਚ ਜੋ ਮੁੱਖ ਪੱਖ ਖੁੱਲ੍ਹ ਕੇ ਸਾਹਮਣੇ ਆਉਂਦਾ ਹੈ ਉਹ ਇਹ ਹੈ ਕਿ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਰਾਹੀਂ ਸਿੱਖ ਧਰਮ ਦੀ ਉੱਚਤਾ ਨੂੰ ਸਥਾਪਤ ਕਰਨ ਦਾ ਯਤਨ ਕੀਤਾ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਦਾ ਕਥਨ ਹੈ:

ਪੰਜਾਬ ਦੇ ਬੁੱਧੀਜੀਵੀ ਵਰਗ, ਜਿਨ੍ਹਾਂ ਵਿੱਚੋਂ ਭਾਈ ਵੀਰ ਸਿੰਘ ਸਿਰਕੱਢ ਸੀ, ਨੇ ਹਕੂਮਤ ਦੇ ਇਸ ਉਦੇਸ਼ ਨੂੰ ਭਾਂਪ ਲਿਆ ਅਤੇ ਇਸ ਦਾ ਬਣਦਾ-ਸਰਦਾ ਵਿਰੋਧ ਕਰਨ ਦਾ ਯਤਨ ਕੀਤਾ। ਹਕੂਮਤ ਦੇ ਜਬਰ ਤੋਂ ਡਰ ਅਤੇ ਆਪਣੇ ਮੱਧਕਾਲੀ ਖਾਸੇ ਕਾਰਨ ਇਹ ਵਰਗ ਬਿਲਕੁਲ ਸਿਧੇ ਢੰਗ ਨਾਲ ਤਾਂ ਵਿਰੋਧ ਨਾ ਕਰ ਸਕਿਆ ਪਰ ਗੁੱਝੇ ਢੰਗ ਨਾਲ ਅਜਿਹਾ ਕੀਤਾ।ਗੁੱਝੇ ਵਿਰੋਧ ਲਈ ਸਾਹਿਤ ਇਕ ਉਤਮ ਮਧਿਅਮ ਹੈ ਜੋ ਭਾਈ ਵੀਰ ਸਿੰਘ ਨੇ ਵਰਤਿਆ।[7]

ਭਾਈ ਵੀਰ ਸਿੰਘ ਦੇ ਨਾਵਲਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਉਹ ਨਿਰੋਲ ਮਧਕਾਲੀ ਚਿੰਤਨ ਦੇ ਅਨੁਆਈ ਨਹੀਂ ਸਗੋਂ ਆਧੁਨਿਕ ਚਿੰਤਨ ਵੀ ਉਸ ਦੀ ਰਚਨਾ-ਦ੍ਰਿਸ਼ਟੀ ਦਾ ਅੰਗ ਬਣਦਾ ਹੈ।ਇਹ ਉਸ ਦੀ ਆਧੁਨਿਕ ਚੇਤਨਾ ਹੀ ਹੈ ਕਿ ਉਸ ਨੇ ਅੰਗਰੇਜ਼ੀ ਸੰਸਕ੍ਰਿਤੀ ਦੀ ਅੰਧਾ-ਧੁੰਦ ਨਕਲ ਕਰਨ ਦੀ ਥਾਂ ਤੇ ਆਪਣੇ ਗੌਰਵਮਈ ਵਿਰਸੇ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ। ਜੋਗਿੰਦਰ ਸਿੰਘ ਰਾਹੀ ਅਨੁਸਾਰ:

ਮੁੱਢਲਾ ਪੰਜਾਬੀ ਨਾਵਲ ਵਿਧਾ ਸ਼ਾਸ਼ਤਰੀ ਜਾਂ ਪ੍ਰਗਤੀਵਾਦੀ ਸਰੋਕਾਰਾਂ ਅਨੁਸਾਰ ਬਹੁਤ ਤਸੱਲੀ ਨਹੀਂ ਦਿੰਦਾ ਪਰ ਜੇ ਇਸ ਨੂੰ ਇਸਾਈ ਮਿਸ਼ਨਰੀਆ ਦੀ ਗਲਪ ਦੇ ਰਾਜ ਪੱਖ ਦੀ ਪ੍ਰਤੀਕਿਰਿਆ ਵਜੋਂ ਵਿਚਾਰਿਆ ਜਾਵੇ ਤਾਂ ਇਨ੍ਹਾਂ ਦੀ ਸਾਹਿਤਕ ਇਤਿਹਾਸਕ ਮਹੱਤਤਾ ਨਵੀਂ ਰੌਸ਼ਨੀ ਵਿਚ ਦਿਸਣ ਲੱਗੇਗੀ।ਇਸ ਪ੍ਰਤੀਕਿਰਿਆ ਵਿੱਚ ਈਸਾ ਮਸੀਹ ਦੇ ਪ੍ਰਤੀ ਭਾਵ ਵਜੋਂ ਬਾਬਾ ਨੌਧ ਸਿੰਘ ਵਰਗੇ ਸਿੱਖ ਬਜ਼ੁਰਗ ਪਾਤਰਾਂ ਨੂੰ ਕੇਂਦਰੀ ਸਥਾਨ ਪ੍ਰਾਪਤ

ਹੈ।ਪਾਦਰੀ ਇਸਾਈ ਧਰਮ ਸ਼ਾਸਤਰ ਵਿਚ ਰਸਮੀ ਰੁਤਬਾ ਹੈ।ਸਿੱਖ ਧਰਮ ਸ਼ਾਸਤਰ ਵਿੱਚ ਉਸ ਦਾ ਕੋਈ ਰਸਮੀ ਪ੍ਰਭਾਵ ਨਹੀਂ ਹੈ।ਇਹ ਖੱਪਾ ਮੁਢਲੇ ਪੰਜਾਬੀ ਨਾਵਲ ਵਿੱਚ ਬਾਬਾ ਨੌਧ ਸਿੰਘ ਵਰਗੇ ਸਾਹਿਤਕ ਪਾਤਰਾਂ ਦੁਆਰਾ ਪੂਰਿਆ ਗਿਆ ਹੈ।[8]

ਅਠਾਰਵੀਂ ਸਦੀ ਵਿੱਚ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਕਰਨ ਵਾਲੀ ਵਧੇਰੇ ਹਿੰਦੂ ਕੌਮ ਸੀ ਅਤੇ ਕਿਸੇ ਹੱਦ ਤਕ ਅੰਸ਼ਕ ਰੂਪ ਵਿੱਚ ਮੁਸਲਮਾਨ ਕੌਮ ਵੀ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸੁੰਦਰੀ, ਸਤਵੰਤ ਕੌਰ, ਬਿਜੈ ਸਿੰਘ ਅਤੇ ਸ਼ੀਲ ਕੌਰ ਵਰਗੇ ਪਾਤਰ ਹਿੰਦੂ ਪਰਿਵਾਰਾਂ ਵਿਚੋਂ ਹੀ ਸਿੱਖ ਧਰਮ ਵਿਚ ਸ਼ਾਮਲ ਹੁੰਦੇ ਹਨ ।ਸਿੱਖ ਧਰਮ ਦੇ ਵਾਧੇ ਦਾ ਜ਼ਖ਼ੀਰਾ ਅਸਲ ਵਿੱਚ ਹਿੰਦੂ ਧਰਮ ਹੀ ਸੀ।ਹਿੰਦੂ ਫਿਰਕਾ ਮੁਸਲਮਾਨਾਂ ਦੇ ਲੰਮੇ ਰਾਜ ਦੌਰਾਨ ਹੀਣ ਭਾਵਨਾ ਦਾ ਸ਼ਿਕਾਰ ਹੋ ਗਿਆ ਸੀ ਪਰ ਜਿਉਂ ਹੀ ਇਸ ਨੂੰ ਮੁਸਲਮਾਨ ਹਾਕਮਾਂ ਦੇ ਵਿਰੁੱਧ ਸੰਘਰਸ਼ ਕਰਦਾ ਸਿੱਖ ਫਿਰਕਾ ਨਜ਼ਰ ਆਇਆ ਤਾਂ ਇਸ ਹਿੰਦੂ ਤਬਕੇ ਨੇ ਸਿੱਖਾਂ ਦੀ ਕਾਫੀ ਸਹਾਇਤਾ ਕੀਤੀ।ਦੂਜੇ ਪਾਸੇ ਸਿੱਖ ਧਰਮ ਵਿਚ ਦੂਜਿਆਂ ਨੂੰ ਸਮੋ ਲੈਣ ਦੀ ਸਮਰੱਥਾ ਦਾ ਹੋਣਾ ਕੁਦਰਤੀ ਹੀ ਸੀ ਕਿਉਂਕਿ ਸਿੱਖ ਧਰਮ ਤਾਂ ਦੂਜੇ ਧਰਮਾਂ ਦੀ ਕੱਟੜਤਾ ਨੂੰ ਨਕਾਰਨ ਵਜੋਂ ਹੀ ਪੈਦਾ ਹੋਇਆ ਸੀ।ਭਾਈ ਵੀਰ ਸਿੰਘ ਸਿੱਖ ਧਰਮ ਨੂੰ ਵਧੇਰੇ ਖੁੱਲ੍ਹੇ-ਖੁਲਾਸੇ ਰੂਪ ਵਿਚ ਇਸ ਤਰ੍ਹਾਂ ਪੇਸ਼ ਕਰਦਾ ਹੈ :

ਹੁੱਦੇਦਾਰ-ਨਹੀਂ,ਮੈਂ ਜਾਣਦਾ ਹਾਂ ਕਿ ਤੁਸੀਂ ਲੋਕ ਮੁਸਲਮਾਨਾਂ ਨਾਲ ਛੂਹਣੋਂ ਪ੍ਰਹੇਜ਼ ਕਰਦੇ ਹੋ ਪਰ ਭਲਾ ਜੇ ਛੋਹਿਆ ਜਾਵੇ ਯਾ ਸਾਡਾ ਖਾ ਪੀ ਬੈਠੇ ਤਾਂ ਬਸ ਗਿਆ?

ਜਸਵੰਤ-ਨਹੀਂ ਜੀ ਅਸੀਂ ਆਪਣੇ ਵਿਛੜਿਆਂ ਨੂੰ ਮੇਲ ਲੈਂਦੇ ਹਾਂ ਤੇ ਭਟਕ ਗਿਆਂ ਨੂੰ ਫਿਰ ਵਾੜੇ ਵਾੜ ਲੈਂਦੇ ਹਾਂ।[9]

ਸਮੁੱਚੇ ਰੂਪ ਵਿਚ ਭਾਈ ਵੀਰ ਸਿੰਘ ਦੇ ਨਾਵਲਾਂ ਦੇ ਅਧਿਐਨ ਤੋਂ ਉਨ੍ਹਾਂ ਵਿਚ ਪੇਸ਼ ਹੋਏ ਸਰੋਕਾਰਾਂ ਰਾਹੀਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਭਾਈ ਵੀਰ ਸਿੰਘ ਆਪਣੇ ਸਮੇਂ ਦਾ ਇਕ ਚੁਣੌਤੀ ਭਰਿਆ ਫਰਜ਼ ਸਫ਼ਲਤਾ ਨਾਲ ਨੇਪਰੇ ਚਾੜ੍ਹਦਾ ਹੈ। ਆਪਣੇ ਸੰਪਰਦਾਇਕ ਵਿਚਾਰਾਂ ਦੇ ਬਾਵਜੂਦ ਉਹ ਲੋਕ-ਪੱਖੀ ਰਚਨਾ ਦ੍ਰਿਸ਼ਟੀ ਦਾ ਪੱਲਾ ਨਹੀਂ ਛੱਡਦਾ। ਪੰਜਾਬੀ ਸਾਹਿਤ ਦੀ ਪ੍ਰੰਪਰਾ ਵਿੱਚ ਸਮੁੱਚਾ ਮਧਕਾਲੀ ਪੰਜਾਬੀ ਸਾਹਿਤ ਲੋਕ ਪੱਖੀ ਮਾਨਵਵਾਦ ਦੀ ਰਚਨਾ ਦ੍ਰਿਸ਼ਟੀ ਵਾਲਾ ਰਿਹਾ ਹੈ ਅਤੇ ਭਾਈ ਵੀਰ ਸਿੰਘ ਜੀ ਉਸੇ ਪਰੰਪਰਾ ਦੀ ਅਗਲੀ ਕੜੀ ਬਣਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ. ਮਹਿਲ ਸਿੰਘ, **ਮੁੱਢਲੇ ਪੰਜਾਬੀ ਨਾਵਲ ਦਾ ਮੁਹਾਂਦਰਾ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2014,ਪੰਨਾ-43
2. ਡਾ. ਅਮ੍ਰਿਤਪਾਲ ਕੌਰ (ਮੁੱਖ ਸੰਪਾ.), **ਭਾਈ ਵੀਰ ਸਿੰਘ ਚਿੰਤਨ ਸਮਕਾਲੀ ਪ੍ਰਸੰਗਿਕਤਾ**, ਡਾ. ਪਰਮੀਤ ਕੌਰ, ਭਾਈ ਵੀਰ ਸਿੰਘ ਦੇ ਨਾਵਲਾਂ ਦੇ ਵਿਭਿੰਨ ਸਰੋਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019, ਪੰਨਾ -129-130.
3. ਡਾ. ਬਲਦੇਵ ਸਿੰਘ ਧਾਲੀਵਾਲ,**ਪੰਜਾਬੀ ਨਾਵਲ ਦ੍ਰਿਸ਼ਟੀ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007,ਪੰਨਾ- 32-33
4. Harbans Singh, Bhai Vir Singh Shatabdi Granth, Bhai Vir Singh Sahitya Sadan, Delhi,1972,p-127
5. ਭਾਈ ਵੀਰ ਸਿੰਘ, **ਬਿਜੈ ਸਿੰਘ**, ਵੀਰ ਸਿੰਘ ਸਾਹਿਤ ਸਦਨ, ਅੰਮ੍ਰਿਤਸਰ, 1984, ਪੰਨਾ -50.
6. ਡਾ. ਬਲਦੇਵ ਸਿੰਘ ਧਾਲੀਵਾਲ, **ਉਹੀ**,ਪੰਨਾ-35
7. **ਉਹੀ**,ਪੰਨਾ-38.
8. ਜੋਗਿੰਦਰ ਸਿੰਘ ਰਾਹੀ, **ਮਸਲੇ ਗਲਪ ਦੇ,** ਨਾਨਕ ਸਿੰਘ ਪੁਸਤਕਮਾਲਾ**, ਅੰਮ੍ਰਿਤਸਰ,** 1992**,** ਪੰਨਾ-46.
9. ਭਾਈ ਵੀਰ ਸਿੰਘ, **ਸਤਵੰਤ ਕੌਰ,**ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 39ਵੀਂ ਐਡੀਸ਼ਨ, ਮਾਰਚ 2010, ਪੰਨਾ-148.